# ਪ੍ਰੋਫੈਸਰਾਂ ਅਤੇ ਸਹਾਇਕ ਪ੍ਰੋਫੈਸਰਾਂ ਦੀਆਂ 2424 ਅਸਾਮੀਆਂ ਖ਼ਾਲੀ

## ਪ੍ਰਸ਼ਨ ਕਾਲ ਦੌਰਾਨ ਉੱਠਿਆ ਮੁੱਦਾ; 5686 ਅਸਾਮੀਆਂ ਵਿੱਚੋਂ 3262 ਭਰੀਆਂ

**ਗੈਸਟ ਫੈਕਲਟੀ ਦੇ ਅਧਿਆਪਕਾਂ ਨੂੰ ਪੱਕਾ ਕਰਨ ਦਾ ਵਿਚਾਰ ਨਹੀਂ**

**ਆਤਿਸ਼ ਗੁਪਤਾ**
**ਚੰਡੀਗੜ੍ਹ, 5 ਅਗਸਤ**

ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਸਿੱਖਿਆ ਕ੍ਰਾਂਤੀ ਦੇ ਵੱਡੇ-ਵੱਡੇ ਦਾਅਵੇ ਕੀਤੇ ਜਾ ਰਹੇ ਹਨ, ਜਦੋਂ ਕਿ ਸੂਬੇ ਦੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਅਧਿਆਪਕਾਂ, ਪ੍ਰੋਫੈਸਰਾਂ ਅਤੇ ਸਹਾਇਕ ਪ੍ਰੋਫੈਸਰਾਂ ਦੀਆਂ ਅਸਾਮੀਆਂ ਵੱਡੀ ਗਿਣਤੀ 'ਚ ਖ਼ਾਲੀ ਹਨ।

ਪੰਜਾਬ ਦੇ ਉੱਚੇਰੀ ਸਿੱਖਿਆ ਅਤੇ ਭਾਸ਼ਾਵਾਂ ਮੰਤਰੀ ਹਰਜੋਤ ਸਿੰਘ ਨੇ ਅੱਜ ਪੰਜਾਬ ਵਿਧਾਨ ਸਭਾ ਵਿੱਚ ਪ੍ਰਸ਼ਨ ਕਾਲ ਦੌਰਾਨ ਵਿਧਾਨ ਸਭਾ ਹਲਕਾ ਬਰਨਾਲਾ ਤੋਂ ਕਾਂਗਰਸੀ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਦੇ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਪੰਜਾਬ ਦੇ ਸਰਕਾਰੀ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪ੍ਰੋਫੈਸਰਾਂ ਅਤੇ ਸਹਾਇਕ ਪ੍ਰੋਫੈਸਰਾਂ ਦੀਆਂ 2424 ਅਸਾਮੀਆਂ ਖ਼ਾਲੀ ਹਨ। ਪੰਜਾਬ ਦੇ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਪ੍ਰੋਫੈਸਰਾਂ ਤੇ ਸਹਾਇਕ ਪ੍ਰੋਫੈਸਰਾਂ ਦੀਆਂ ਕੁੱਲ 5686 ਮਨਜ਼ੂਰਸ਼ੁਦਾ ਅਸਾਮੀਆਂ ਹਨ, ਜਿਸ ਵਿੱਚੋਂ 3262 ਭਰੀਆਂ ਹੋਈਆਂ ਹਨ, ਜਦੋਂ ਕਿ ਬਾਕੀਆਂ 'ਤੇ ਲੋੜ ਅਨੁਸਾਰ ਭਰਤੀ ਕੀਤੀ ਜਾ ਰਹੀ ਹੈ।

ਸ੍ਰੀ ਕਾਲਾ ਢਿੱਲੋਂ ਨੇ ਸਵਾਲ ਕੀਤਾ ਕਿ ਕਾਲਜਾਂ ਵਿੱਚ ਗੈਸਟ ਫੈਕਲਟੀ ਦੇ ਅਧਿਆਪਕਾਂ ਨੂੰ ਪੱਕਾ ਕਰਨ ਬਾਰੇ ਸਰਕਾਰ ਦੀ ਕੋਈ ਤਜਵੀਜ਼ ਹੈ ਤਾਂ ਉਸ ਦੇ ਜਵਾਬ ਵਿੱਚ ਉੱਚੇਰੀ ਸਿੱਖਿਆ ਮੰਤਰੀ ਨੇ ਕਿਹਾ ਕਿ ਅਜਿਹੀ ਕੋਈ ਤਜਵੀਜ਼ ਨਹੀਂ ਹੈ।

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਸਮਾਣਾ ਤੋਂ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਦੇ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਬਿਲਡਿੰਗ ਮਟੀਰੀਅਲ ਦੀਆਂ ਕੀਮਤਾਂ ਵਿੱਚ ਵਾਧਾ ਹੋਣ ਕਰਕੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਕਈ ਥਾਵਾਂ 'ਤੇ ਡਿਪਟੀ ਕਮਿਸ਼ਨਰ ਵੱਲੋਂ ਆਪਣੇ ਪੱਧਰ 'ਤੇ ਨਵੀਂਆਂ ਕੀਮਤਾਂ ਤੈਅ ਕਰ ਲਈਆਂ ਹਨ, ਜਦੋਂ ਕਿ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਲੋਕ ਨਿਰਮਾਣ ਵਿਭਾਗ ਨਾਲ ਸਾਂਝੇ ਤੌਰ 'ਤੇ ਨਵੀਆਂ ਦਰਾਂ ਦਾ ਐਲਾਨ ਕੀਤਾ ਜਾਵੇਗਾ।

ਬਿਜਲੀ ਮੰਤਰੀ ਤਰੁਨਪ੍ਰੀਤ ਸੌਂਦ ਨੇ ਸਨੌਰ ਤੋਂ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੇ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਮੁਫਤ ਬਿਜਲੀ ਨਹੀਂ ਦਿੱਤੀ ਜਾਂਦੀ। ਪਠਾਣਮਾਜਰਾ ਨੇ ਮੰਗ ਕੀਤੀ ਕਿ ਜੇ ਪੰਜਾਬ ਸਰਕਾਰ ਵੱਲੋਂ ਖੇਤੀ ਨੂੰ ਮੁਫਤ ਬਿਜਲੀ ਦਿੱਤੀ ਜਾਂਦੀ ਹੈ ਤਾਂ ਸਕੂਲਾਂ ਨੂੰ ਮੁਫਤ ਬਿਜਲੀ ਦਿੱਤੀ ਜਾਵੇ।

### ਪਤਾ ਨਹੀਂ ਕਦੋਂ, ਕਿਸ ਨੂੰ ਜੇਲ੍ਹ ਜਾਣਾ ਪੈ ਜਾਵੇ: ਪਠਾਣਮਾਜਰਾ

ਵਿਧਾਨ ਸਭਾ ਹਲਕਾ ਸਨੌਰ ਤੋਂ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਪੰਜਾਬ ਦੀਆਂ ਜੇਲ੍ਹਾਂ ਵਿੱਚ ਵਾਟਰ ਕੂਲਰਾਂ ਅਤੇ ਪੱਖਿਆਂ ਦੀ ਘਾਟ ਦਾ ਮੁੱਦਾ ਚੁੱਕਿਆ। ਜੇਲ੍ਹ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਪੰਜਾਬ ਦੀਆਂ ਜੇਲ੍ਹਾਂ ਵਿੱਚ 183 ਵਾਟਰ ਕੂਲਰ ਲੱਗੇ ਹੋਏ ਹਨ, ਜਦੋਂ ਕਿ 43 ਹੋਰ ਲਾਏ ਜਾ ਰਹੇ ਹਨ। ਇਸੇ ਤਰ੍ਹਾਂ 15438 ਛੱਤ ਵਾਲੇ ਪੱਖੇ ਲੱਗੇ ਹੋਏ ਹਨ ਅਤੇ 5250 ਹੋਰ ਲਾਏ ਜਾ ਰਹੇ ਹਨ, ਜਦੋਂ ਕਿ ਕਈ ਜੇਲ੍ਹਾਂ ਵਿੱਚ ਹਵਾਦਾਰ ਕੂਲਰ ਵੀ ਲੱਗੇ ਹੋ ਹਨ। ਪਠਾਣਮਾਜਰਾ ਨੇ ਕਿਹਾ ਕਿ 'ਉਹ ਜੇਲ੍ਹ ਵਿੱਚ ਰਹਿ ਕੇ ਆਇਆ ਹੈ ਅਤੇ ਹੁਣ ਸਾਬਕਾ ਕੈਬਨਿਟ ਮੰਤਰੀ ਲਾਲਜੀਤ ਭੁੱਲਰ ਵੀ ਜੇਲ੍ਹ ਵਿੱਚ ਹਨ। ਪਤਾ ਨਹੀਂ ਕਦੋਂ, ਕਿਸ ਨੂੰ ਜੇਲ੍ਹ ਜਾਣਾ ਪੈ ਜਾਵੇ।' ਜੇਲ੍ਹਾਂ ਵਿੱਚ ਵਾਟਰ ਕੂਲਰਾਂ ਦੀ ਘਾਟ ਹੈ, ਜਿਸ ਨੂੰ ਪੂਰਾ ਕੀਤਾ ਜਾਣਾ ਚਾਹੀਦਾ। ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਵਿਧਾਨ ਸਭਾ ਹਲਕਾ ਪਾਇਲ ਤੋਂ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਦੇ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਰਜਿਸਟਰਡ ਕੀਟਨਾਸ਼ਕ ਨਿਰਮਾਤਾ ਦੇ ਸੈਂਪਲ ਫੇਲ੍ਹ ਹੋਣ 'ਤੇ ਬਣਦੀ ਕਾਰਵਾਈ ਕੀਤੀ ਜਾਂਦੀ ਹੈ। ਸੂਬਾ ਸਰਕਾਰ ਵੱਲੋਂ ਤਿੰਨ ਸਾਲਾਂ ਵਿੱਚ 70 ਮਾਮਲਿਆਂ ਵਿੱਚ ਕਾਰਵਾਈ ਕੀਤੀ ਗਈ ਹੈ।

### ਜ਼ੀਰਾ ਦੇ ਵਿਧਾਇਕ ਨੇ ਸਰਕਾਰ ਘੇਰੀ

ਜ਼ੀਰਾ ਤੋਂ 'ਆਪ' ਵਿਧਾਇਕ ਨਰੇਸ਼ ਕਟਾਰੀਆ ਨੇ ਜ਼ੀਰਾ ਵਿੱਚ 29 ਖੇਡ ਮੈਦਾਨਾਂ ਦੀ ਉਸਾਰੀ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਮੰਤਰੀ ਸੌਂਦ ਨੇ ਕਿਹਾ ਕਿ 13 ਖੇਡ ਮੈਦਾਨਾਂ ਦਾ ਅਗਸਤ ਦੇ ਅਖੀਰ ਤੱਕ ਕੰਮ ਮੁਕੰਮਲ ਹੋ ਜਾਵੇਗਾ ਅਤੇ 14 ਹੋਰ ਦਾ ਸਤੰਬਰ ਤੱਕ ਕੰਮ ਖਤਮ ਕਰ ਕੇ ਉਦਘਾਟਨ ਕੀਤਾ ਜਾਵੇਗਾ। ਸ੍ਰੀ ਕਟਾਰੀਆ ਨੇ ਕਿਹਾ ਕਿ ਜ਼ੀਰਾ ਹਲਕੇ ਵਿੱਚ ਚਾਰ ਸਾਲਾਂ ਦੌਰਾਨ 29 ਵਿੱਚੋਂ ਸਿਰਫ਼ ਇਕ ਖੇਡ ਮੈਦਾਨ ਹੀ ਬਣ ਸਕਿਆ ਹੈ, ਜੇਕਰ ਇਸੇ ਰਫ਼ਤਾਰ ਨਾਲ ਕੰਮ ਹੋਇਆ ਤਾਂ ਬਾਕੀ ਖੇਡ ਮੈਦਾਨ ਕਦੋਂ ਬਣਨਗੇ। ਹਾਲਾਂਕਿ ਕੈਬਨਿਟ ਮੰਤਰੀ ਨੇ ਬਾਕੀ ਖੇਡ ਮੈਦਾਨ ਜਲਦ ਬਣਾਉਣ ਦਾ ਭਰੋਸਾ ਦਿੱਤਾ।

### ਪੰਜਾਬ ਵਿਧਾਨ ਸਭਾ: ਕੁਝ ਝਲਕੀਆਂ

- ਸਦਨ 'ਚ ਅੱਜ ਅਮਨ ਅਰੋੜਾ ਤੇ ਰਾਣਾ ਗੁਰਜੀਤ ਸਿੰਘ ਬੈਠ-ਬਿਠਾਈ ਦਾ ਖੇਡ ਚੱਲਿਆ। ਬੋਲਣ ਸਮੇਂ ਰਾਣਾ ਗੁਰਜੀਤ ਨੇ ਅਮਨ ਅਰੋੜਾ ਨੂੰ ਬੈਠਣ ਲਈ ਕਿਹਾ। ਅੱਗਿਓਂ ਅਮਨ ਕਹਿੰਦਾ, ਪਹਿਲਾਂ ਤੁਸੀਂ ਬੈਠੋ। ਸਪੀਕਰ ਨੇ ਅਪੀਲ ਕਰਕੇ ਆਖ਼ਰ ਅਮਨ ਅਰੋੜਾ ਨੂੰ ਬਿਠਾ ਦਿੱਤਾ।
- ਵਿਧਾਇਕ ਕੁਲਵੰਤ ਪੰਡੋਰੀ ਨੇ ਸੁਖਪਾਲ ਖਹਿਰਾ ਨੂੰ ਚੁਣੌਤੀ ਦਿੱਤੀ, 'ਜੇ ਪਿਉ ਦਾ ਪੁੱਤ ਹੈ ਤਾਂ ਇੱਕ ਵੀ ਦੋਸ਼ ਸਾਬਤ ਕਰ, ਮੈਂ ਸਿਆਸਤ ਛੱਡ ਦੇਊ।' ਪੰਡੋਰੀ ਨੇ ਕਿਹਾ ਕਿ ਖਹਿਰਾ ਨੇ ਉਸ 'ਤੇ 13 ਏਕੜ ਜ਼ਮੀਨ ਖ਼ਰੀਦ ਦਾ ਇਲਜ਼ਾਮ ਲਾਇਆ ਸੀ।
- ਜਦੋਂ ਰਾਣਾ ਗੁਰਜੀਤ ਆਪਣੇ ਸਾਥੀ ਲਾਡੀ ਸ਼ੇਰੋਵਾਲੀਆ ਦੇ ਬਚਾਅ 'ਚ ਆਏ ਤਾਂ ਅਮਨ ਅਰੋੜਾ ਨੇ ਕਿਹਾ ਕਿ ਲਾਡੀ ਜੀ ਥੋਡੇ ਸਾਥੀ ਨੇ ਤਾਹੀਂ ਹੁਣ ਕਿਤੇ ਗੱਡੇ ਨਾਲ ਕੱਟਾ ਬੰਨ੍ਹ ਦਿੰਦੇ ਹੋ ਤੇ ਕਦੇ ਪਾਣੀ 'ਚ ਮਧਾਣੀ ਪਾ ਲੈਂਦੇ ਹੋ।
- ਮੰਤਰੀ ਬਰਿੰਦਰ ਗੋਇਲ ਨੇ ਕਾਂਗਰਸੀ ਮੈਂਬਰਾਂ ਨੂੰ ਮੁਖ਼ਾਤਬ ਹੋ ਕੇ ਬੋਲੇ, 'ਥੋਡੇ ਰਾਜ ਸਮੇਂ ਨੌਜਵਾਨ ਡਿਪਰੈਸ਼ਨ 'ਚ ਜਾਂਦੇ ਸਨ ਜਾਂ ਵਿਦੇਸ਼ ਜਾਂਦੇ ਸਨ।' ਹੁਣ ਵਾਪਸ ਮੁੜਨ ਲੱਗੇ ਹਨ।
- ਸਿੱਖਿਆ ਮੰਤਰੀ ਹਰਜੋਤ ਬੈਂਸ ਅਤੇ ਸੁਖਪਾਲ ਸਿੰਘ ਖਹਿਰਾ ਅੱਜ ਕੁੱਝ ਸਮੇਂ ਲਈ ਇੱਕ ਦੂਜੇ ਵੱਲ ਦੇਖ ਕੇ ਕਚੀਚੀਆਂ ਵੱਟਦੇ ਰਹੇ।
- ਕਾਂਗਰਸੀ ਵਿਧਾਇਕ ਅੱਜ ਗਲ਼ਾਂ 'ਚ ਕਾਲੇ ਪਰਨੇ ਪਾ ਕੇ ਆਏ, ਬਾਅਦ 'ਚ ਗਲ਼ਾਂ ਚੋਂ ਲਾਹ ਕੇ ਹੱਥਾਂ 'ਚ ਚੁੱਕੀ ਫਿਰਦੇ ਰਹੇ।

# ਵਿਰੋਧੀ ਧਿਰ ਵੱਲੋਂ ਕੰਮ ਰੋਕੂ ਮਤਾ ਰੱਦ ਹੋਣ 'ਤੇ ਸਦਨ 'ਚੋਂ ਵਾਕਆਊਟ

## ਸਰਕਾਰ ਖ਼ਿਲਾਫ਼ ਮੁਜ਼ਾਹਰਾ; ਸੁਰੱਖਿਆ ਮੁਲਾਜ਼ਮਾਂ 'ਤੇ ਖਿੱਚ-ਧੂਹ ਦੇ ਦੋਸ਼ ਲਾਏ

**ਆਤਿਸ਼ ਗੁਪਤਾ**
**ਚੰਡੀਗੜ੍ਹ, 5 ਅਗਸਤ**




ਵਿਧਾਨ ਸਭਾ ਦੇ ਬਾਹਰ ਮੁਜ਼ਾਹਰਾ ਕਰਦੇ ਹੋਏ ਕਾਂਗਰਸੀ ਵਿਧਾਇਕ।

ਪੰਜਾਬ ਵਿਧਾਨ ਸਭਾ ਦੇ ਮੌਨਸੂਨ ਇਜਲਾਸ ਦੇ ਤੀਜੇ ਦਿਨ ਵੀ ਕਾਂਗਰਸੀ ਵਿਧਾਇਕ ਕਾਲੇ ਪਰਨੇ ਪਾ ਕੇ ਵਿਧਾਨ ਸਭਾ ਪਹੁੰਚੇ। ਇਸ ਮੌਕੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਹੇਠ ਕਾਂਗਰਸੀ ਵਿਧਾਇਕਾਂ ਨੇ ਵਿਧਾਨ ਸਭਾ ਦੇ ਬਾਹਰ ਮੁੱਖ ਮੰਤਰੀ ਦੇ ਬਾਈਕਾਟ ਦੀਆਂ ਤਖ਼ਤੀਆਂ ਹੱਥਾਂ ਵਿੱਚ ਲੈ ਕੇ ਸੂਬਾ ਸਰਕਾਰ ਵਿਰੁੱਧ ਪ੍ਰਦਰਸ਼ਨ ਕੀਤਾ। ਵਿਧਾਨ ਸਭਾ ਵਿੱਚ ਦਾਖ਼ਲ ਹੋਣ ਸਮੇਂ ਸੁਰੱਖਿਆ ਮੁਲਾਜ਼ਮਾਂ ਨੇ ਉਨ੍ਹਾਂ ਨੂੰ ਤਖ਼ਤੀਆਂ ਅੰਦਰ ਲਿਜਾਣ ਤੋਂ ਰੋਕਿਆ ਤਾਂ ਕਾਂਗਰਸੀ ਵਿਧਾਇਕਾਂ ਨੇ ਇਸ ਦਾ ਵਿਰੋਧ ਕੀਤਾ। ਇਸ ਦੌਰਾਨ ਸੁਰੱਖਿਆ ਮੁਲਾਜ਼ਮਾਂ ਅਤੇ ਕਾਂਗਰਸੀ ਵਿਧਾਇਕਾਂ ਵਿਚਕਾਰ ਮਾਮੂਲੀ ਤਕਰਾਰ ਹੋਈ।

ਵਿਧਾਨ ਸਭਾ ਵਿੱਚ ਪ੍ਰਸ਼ਨ ਕਾਲ ਸ਼ੁਰੂ ਹੁੰਦਿਆਂ ਹੀ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਲੰਘੇ ਦਿਨ ਵਿਧਾਨ ਸਭਾ ਵਿੱਚ ਦਿੱਤੇ ਕੰਮ ਰੋਕੂ ਮਤੇ 'ਤੇ ਕੋਈ ਫ਼ੈਸਲਾ ਨਾ ਲਏ ਜਾਣ ਦਾ ਮੁੱਦਾ ਚੁੱਕਿਆ। ਇਸ ਦੇ ਨਾਲ ਹੀ ਕਾਂਗਰਸੀ ਵਿਧਾਇਕਾਂ ਨੇ ਵਿਧਾਨ ਸਭਾ ਦੇ ਸੁਰੱਖਿਆ ਮੁਲਾਜ਼ਮਾਂ 'ਤੇ ਖਿੱਚ-ਧੂਹ ਕਰਨ ਦੇ ਦੋਸ਼ ਲਾਏ ਅਤੇ ਵਿਧਾਨ ਸਭਾ ਦੇ ਵੈੱਲ ਵਿੱਚ ਪਹੁੰਚ ਕੇ ਸੂਬਾ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਭਰੋਸਾ ਦਿੱਤਾ ਕਿ ਮਾਮਲੇ ਦੀ ਜਾਂਚ ਕਰ ਕੇ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਦੇ ਨਾਲ ਹੀ ਵਿਧਾਨ ਸਭਾ ਸਪੀਕਰ ਨੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਵੱਲੋਂ ਅਮਨ ਤੇ ਕਾਨੂੰਨ ਦੀ ਸਥਿਤੀ 'ਤੇ ਚਰਚਾ ਕਰਾਉਣ ਲਈ ਲਿਆਂਦੇ ਕੰਮ ਰੋਕੂ ਮਤੇ ਨੂੰ ਅਸਵੀਕਾਰ ਕਰ ਦਿੱਤਾ, ਜਿਸ ਤੋਂ ਬਾਅਦ ਕਾਂਗਰਸੀ ਵਿਧਾਇਕਾਂ ਨੇ ਨਾਅਰੇਬਾਜ਼ੀ ਕਰਦਿਆਂ ਵਿਧਾਨ ਸਭਾ ਦਾ ਵਾਕਆਊਟ ਕਰ ਦਿੱਤਾ। ਬਾਜਵਾ ਨੇ ਪੰਜਾਬ ਵਿਧਾਨ ਸਭਾ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਵਿਧਾਨ ਸਭਾ ਵਿੱਚ ਵੀ ਵਿਰੋਧੀਆਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੰਜਾਬ ਵਿੱਚ ਅਮਨ ਤੇ ਕਾਨੂੰਨ ਦੀ ਸਥਿਤੀ ਲਗਾਤਾਰ ਵਿਗੜ ਰਹੀ ਹੈ ਅਤੇ ਗੈਂਗਸਟਰ ਬਿਨਾਂ ਕਿਸੇ ਡਰ-ਭੈਅ ਤੋਂ ਫਿਰੌਤੀਆਂ ਮੰਗ ਰਹੇ ਹਨ। ਇਸ ਤੋਂ ਇਲਾਵਾ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਦੇ ਬਾਵਜੂਦ ਮੁਲਾਜ਼ਮਾਂ ਨੂੰ ਡੀ ਏ ਨਹੀਂ ਦਿੱਤਾ ਜਾ ਰਿਹਾ ਹੈ। ਕਾਂਗਰਸ ਪਾਰਟੀ ਸੜਕ ਤੋਂ ਵਿਧਾਨ ਸਭਾ ਤੱਕ ਲੋਕਾਂ ਦੇ ਮੁੱਦੇ ਚੁੱਕਦੀ ਰਹੇਗੀ।

# ਮੁੱਖ ਮੰਤਰੀ ਨੇ ਗਊਸ਼ਾਲਾਵਾਂ ਦੇ ਬਿਜਲੀ ਬਿੱਲ ਮੁਆਫ਼ ਕੀਤੇ

**ਟ੍ਰਿਬਿਊਨ ਨਿਊਜ਼ ਸਰਵਿਸ**
**ਚੰਡੀਗੜ੍ਹ, 5 ਅਗਸਤ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਦੀਆਂ ਸਾਰੀਆਂ ਗਊਸ਼ਾਲਾਵਾਂ ਦੇ ਬਿਜਲੀ ਬਿੱਲ ਮੁਆਫ਼ ਕਰਨ ਦਾ ਐਲਾਨ ਕੀਤਾ ਹੈ। ਇਸ ਵੇਲੇ 366 ਗਊਸ਼ਾਲਾਵਾਂ ਨੂੰ ਮੁਫਤ ਬਿਜਲੀ ਮਿਲ ਰਹੀ ਹੈ ਅਤੇ ਹੁਣ 152 ਹੋਰ ਗਊਸ਼ਾਲਾਵਾਂ ਨੂੰ ਵੀ ਇਸ ਸੁਵਿਧਾ ਦੇ ਘੇਰੇ ਵਿੱਚ ਲਿਆਂਦਾ ਜਾਵੇਗਾ। ਮੁੱਖ ਮੰਤਰੀ ਦੇ ਫੈਸਲੇ ਦੇ ਨਾਲ ਹੀ ਸੂਬੇ ਵਿੱਚ ਮੁਫਤ ਬਿਜਲੀ ਪ੍ਰਾਪਤ ਕਰਨ ਵਾਲੀਆਂ ਗਊਸ਼ਾਲਾਵਾਂ ਦੀ ਕੁੱਲ ਗਿਣਤੀ 518 ਹੋ ਜਾਵੇਗੀ। ਮੁੱਖ ਮੰਤਰੀ ਨੇ ਗਊਸ਼ਾਲਾ ਪ੍ਰਬੰਧਕ ਕਮੇਟੀਆਂ ਦੇ ਯਤਨਾਂ ਦੀ ਸਲਾਘਾ ਕਰਦਿਆਂ ਕਿਹਾ ਵੱਖ-ਵੱਖ ਗਊਸ਼ਾਲਾਵਾਂ ਗਊ ਧਨ ਦੀ ਬਹੁਤ ਵਧੀਆ ਢੰਗ ਨਾਲ ਦੇਖਭਾਲ ਅਤੇ ਸਾਂਭ-ਸੰਭਾਲ ਕਰ ਰਹੀਆਂ ਹਨ। ਇਸ ਮੌਕੇ ਮੁੱਖ ਸਕੱਤਰ ਕੇ ਏ ਪੀ ਸਿਨਹਾ, ਸਕੱਤਰ ਬਿਜਲੀ ਅਤੇ ਸਕੱਤਰ ਪਸ਼ੂ ਪਾਲਣ ਵੀ ਹਾਜ਼ਰ ਸਨ।

# ਸਿੱਖਿਆ ਮਾਡਲ: ਸਰਕਾਰੀ ਸਕੂਲਾਂ 'ਚ ਕਰੀਬ ਛੇ ਲੱਖ ਦਾਖ਼ਲੇ ਘਟੇ

**ਚਰਨਜੀਤ ਭੁੱਲਰ**
**ਚੰਡੀਗੜ੍ਹ, 5 ਅਗਸਤ**

ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਲੰਘੇ ਪੰਜ ਸਾਲਾਂ 'ਚ ਕਰੀਬ ਛੇ ਲੱਖ ਬੱਚਿਆਂ ਦੇ ਦਾਖ਼ਲੇ ਘਟੇ ਹਨ, ਜਿਨ੍ਹਾਂ 'ਚ ਸਭ ਤੋਂ ਵੱਡੀ ਢਾਹ ਸਰਕਾਰੀ ਪ੍ਰਾਇਮਰੀ ਸਕੂਲਾਂ ਨੂੰ ਲੱਗੀ ਹੈ। ਪੰਜਾਬ ਸਰਕਾਰ ਦੇ 'ਸਿੱਖਿਆ ਮਾਡਲ' 'ਤੇ ਇਹ ਅੰਕੜੇ ਉਂਗਲ ਉਠਾ ਰਹੇ ਹਨ। ਸਾਲ 2021-22 ਦੌਰਾਨ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ 29,62,378 ਲੱਖ ਵਿਦਿਆਰਥੀ ਪੜ੍ਹ ਰਹੇ ਸਨ ਜਦੋਂ ਕਿ ਸਾਲ 2026-27 ਦੌਰਾਨ ਵਿਦਿਆਰਥੀਆਂ ਦੀ ਇਹ ਗਿਣਤੀ 23,64,076 ਲੱਖ ਰਹਿ ਗਈ ਹੈ। ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਬੱਚਿਆਂ ਦੀ ਗਿਣਤੀ ਇਨ੍ਹਾਂ ਸਾਲਾਂ ਦੌਰਾਨ 5,98,302 ਲੱਖ ਘਟੀ ਹੈ।

ਬਰਨਾਲਾ ਤੋਂ ਕਾਂਗਰਸੀ ਵਿਧਾਇਕ ਕੁਲਦੀਪ ਸਿੰਘ ਢਿੱਲੋਂ ਵੱਲੋਂ ਪੁੱਛੇ ਸੁਆਲ ਦੇ ਜਵਾਬ 'ਚ ਇਹ ਖ਼ੁਲਾਸਾ ਹੋਇਆ ਹੈ ਕਿ ਸਰਕਾਰੀ ਸਕੂਲਾਂ 'ਚ ਦਾਖ਼ਲੇ ਪਹਿਲਾਂ ਨਾਲੋਂ ਘਟੇ ਹਨ। ਵਿਰੋਧੀ ਧਿਰ ਨੇ ਸਕੂਲਾਂ 'ਚ ਘਟੀ ਗਿਣਤੀ ਨੂੰ ਲੈ ਕੇ ਪੰਜਾਬ ਸਰਕਾਰ 'ਤੇ ਨਿਸ਼ਾਨੇ ਸਾਧੇ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦਾਖ਼ਲਿਆਂ 'ਚ ਆਈ ਕਮੀ ਪਿੱਛੇ ਦਲੀਲ ਦਿੱਤੀ ਕਿ ਪੰਜਾਬ 'ਚ ਪਹਿਲਾਂ ਸਾਢੇ ਤਿੰਨ ਲੱਖ ਦਾਖ਼ਲੇ ਫ਼ਰਜ਼ੀ ਸਨ ਜਿਨ੍ਹਾਂ ਨੂੰ ਰਿਕਾਰਡ ਵਿੱਚੋਂ ਹਟਾ ਦਿੱਤਾ ਗਿਆ ਹੈ ਜਿਸ ਨਾਲ ਵਰਦੀਆਂ ਆਦਿ ਦੀ ਰਾਸ਼ੀ ਵੀ ਬਚੀ ਹੈ। ਅਸਿੱਧੇ ਤਰੀਕੇ ਨਾਲ ਬੈਂਸ ਨੇ ਪਿਛਲੀ ਕਾਂਗਰਸ ਸਰਕਾਰ 'ਤੇ ਨਿਸ਼ਾਨਾ ਲਾਇਆ।

**ਸਾਢੇ ਚਾਰ ਸਾਲਾਂ 'ਚ ਸੂਬੇ ਵਿੱਚ ਦੋ ਨਵੇਂ ਸਕੂਲ, ਸੱਤ ਬੰਦ ਹੋਏ**

ਪੰਜਾਬ ਸਰਕਾਰ ਦੇ ਸਦਨ 'ਚ ਦਿੱਤੇ ਲਿਖਤੀ ਜੁਆਬ ਅਨੁਸਾਰ ਮੌਜੂਦਾ 'ਆਪ' ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਸੂਬੇ 'ਚ ਦੋ ਨਵੇਂ ਸਕੂਲ ਖੋਲ੍ਹੇ ਹਨ, ਜਦੋਂ ਕਿ ਇਸ ਸਮੇਂ ਦੌਰਾਨ ਸੱਤ ਸਕੂਲ ਬੰਦ ਕੀਤੇ ਹਨ। ਫ਼ਾਜ਼ਿਲਕਾ ਦੇ ਪਿੰਡ ਆਤੂਵਾਲਾ 'ਚ ਨਵਾਂ ਪ੍ਰਾਇਮਰੀ ਸਕੂਲ ਅਤੇ ਮੁਹਾਲੀ ਦੇ ਫ਼ੇਜ਼ 11 ਵਿੱਚ ਨਵਾਂ ਮਿਡਲ ਸਕੂਲ ਖੋਲ੍ਹਿਆ ਗਿਆ ਹੈ ਜਦੋਂ ਕਿ ਫ਼ਤਹਿਗੜ੍ਹ ਸਾਹਿਬ, ਹੁਸ਼ਿਆਰਪੁਰ, ਕਪੂਰਥਲਾ, ਪਟਿਆਲਾ ਅਤੇ ਰੋਪੜ 'ਚ ਸੱਤ ਸਕੂਲ ਬੰਦ ਕੀਤੇ ਗਏ ਹਨ। ਪੰਜਾਬ ਸਰਕਾਰ ਵੱਲੋਂ 'ਸਕੂਲ ਆਫ਼ ਐਮੀਨੈਂਸ' ਖੋਲ੍ਹੇ ਗਏ ਹਨ ਜੋ 'ਆਪ' ਸਰਕਾਰ ਦੀ ਸਿੱਖਿਆ ਕ੍ਰਾਂਤੀ ਦਾ ਧੁਰਾ ਮੰਨੇ ਜਾਂਦੇ ਹਨ। ਪੰਜਾਬ ਸਰਕਾਰ ਨੇ ਇਸ ਤੋਂ ਇਲਾਵਾ ਪੰਜ ਸਕੂਲ ਅੱਪਗਰੇਡ ਵੀ ਕੀਤੇ ਹਨ, ਜਿਨ੍ਹਾਂ 'ਚ ਮੁੱਖ ਮੰਤਰੀ ਭਗਵੰਤ ਮਾਨ ਦੇ ਪਿੰਡ ਸਤੌਜ ਦਾ ਸਕੂਲ ਵੀ ਸ਼ਾਮਲ ਹੈ ਜਿਸ ਨੂੰ ਅਪਗਰੇਡ ਕਰਕੇ ਸੀਨੀਅਰ ਸੈਕੰਡਰੀ ਸਕੂਲ ਦਾ ਦਰਜਾ ਦਿੱਤਾ ਗਿਆ ਹੈ। ਪੰਜਾਬ ਦੇ ਸਿੱਖਿਆ ਵਿਭਾਗ 'ਚ ਇਸ ਵੇਲੇ 31,370 ਅਸਾਮੀਆਂ ਖ਼ਾਲੀ ਪਈਆਂ ਹਨ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਇਨ੍ਹਾਂ ਅਸਾਮੀਆਂ ਨੂੰ ਭਰਨ ਬਾਰੇ ਸਰਕਾਰ ਦੀ ਰਣਨੀਤੀ ਬਾਰੇ ਸਦਨ 'ਚ ਪਹਿਲਾਂ ਹੀ ਵੇਰਵੇ ਰੱਖ ਚੁੱਕੇ ਹਨ।

# ਪੰਜਾਬ ਵਿੱਚ ਹਾਈਪਰਟੈਨਸ਼ਨ ਤੇ ਸ਼ੂਗਰ ਮਰੀਜ਼ਾਂ ਦੀ ਗਿਣਤੀ ਵਧੀ

**40.1 ਫ਼ੀਸਦ ਲੋਕ ਹਾਈਪਰਟੈਨਸ਼ਨ ਤੇ 14.3 ਫ਼ੀਸਦ ਲੋਕ ਸ਼ੂਗਰ ਤੋਂ ਪੀੜਤ**

**ਆਤਿਸ਼ ਗੁਪਤਾ**
**ਚੰਡੀਗੜ੍ਹ, 5 ਅਗਸਤ**

ਪੰਜਾਬ 'ਚ ਹਾਈਪਰਟੈਨਸ਼ਨ ਅਤੇ ਸ਼ੂਗਰ ਦੇ ਮਰੀਜ਼ਾਂ ਦੀ ਗਿਣਤੀ ਕੌਮੀ ਔਸਤ ਨਾਲੋਂ ਵੀ ਵੱਧ ਹੈ। ਇਸ ਗੱਲ ਦਾ ਖੁਲਾਸਾ ਅੱਜ ਪੰਜਾਬ ਵਿਧਾਨ ਸਭਾ ਦੇ ਮੌਨਸੂਨ ਇਜਲਾਸ ਦੌਰਾਨ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਖਡੂਰ ਸਾਹਿਬ ਤੋਂ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦੇ ਸਵਾਲ ਦਾ ਲਿਖਤੀ ਜਵਾਬ ਦਿੰਦਿਆਂ ਕੀਤਾ ਗਿਆ। ਆਈ ਸੀ ਐੱਮ ਆਰ ਇੰਡੀਆਬੀ ਦੀ ਸਰਵੇਖਣ ਰਿਪੋਰਟ ਅਨੁਸਾਰ ਪੰਜਾਬ ਵਿੱਚ ਮੌਜੂਦਾ ਸਮੇਂ 40.1 ਫ਼ੀਸਦ ਲੋਕ ਹਾਈਪਰਟੈਨਸ਼ਨ ਤੋਂ ਪੀੜਤ ਹਨ, ਜੋ ਦੇਸ਼ ਵਿੱਚ ਸਭ ਤੋਂ ਵੱਧ ਹੈ। ਕੇਰਲਾ ਦੂਜੇ ਨੰਬਰ 'ਤੇ ਹੈ, ਜਿੱਥੇ 40 ਫ਼ੀਸਦ ਲੋਕ ਹਾਈਪਰਟੈਨਸ਼ਨ ਤੋਂ ਪੀੜਤ ਹਨ, ਜਦੋਂ ਕਿ ਦੇਸ਼ ਵਿੱਚ ਹਾਈਪਰਟੈਨਸ਼ਨ ਦੀ ਕੌਮੀ ਔਸਤ 35.5 ਫ਼ੀਸਦ ਹੈ।

ਪੰਜਾਬ ਵਿੱਚ 14.3 ਫ਼ੀਸਦ ਲੋਕ ਸ਼ੂਗਰ ਤੋਂ ਪੀੜਤ ਹਨ। ਇਹ ਵੀ ਕੌਮੀ ਔਸਤ ਨਾਲੋਂ ਵੱਧ ਹੈ। ਦੇਸ਼ ਵਿੱਚ ਸ਼ੂਗਰ ਬਿਮਾਰੀ ਦੇ ਪੀੜਤਾਂ ਦੀ ਕੌਮੀ ਔਸਤ 11 ਤੋਂ 12 ਫ਼ੀਸਦ ਹੈ। ਹਾਲਾਂਕਿ ਸ਼ੂਗਰ ਦੇ ਮਰੀਜ਼ਾਂ ਦੀ ਗਿਣਤੀ ਵਿੱਚ ਪੰਜਾਬ ਦੇਸ਼ ਵਿੱਚੋਂ ਚੌਥੇ ਨੰਬਰ 'ਤੇ ਹੈ ਅਤੇ ਪਹਿਲੇ ਨੰਬਰ 'ਤੇ ਗੋਆ ਹੈ, ਜਿੱਥੇ 26.4 ਫ਼ੀਸਦ ਲੋਕ ਸ਼ੂਗਰ ਦੀ ਬਿਮਾਰੀ ਤੋਂ ਪੀੜਤ ਹਨ। ਇਸੇ ਤਰ੍ਹਾਂ ਕੇਰਲਾ ਵਿੱਚ 25.5 ਫ਼ੀਸਦ ਅਤੇ ਤਾਮਿਲਨਾਡੂ ਵਿੱਚ 22.23 ਫ਼ੀਸਦ ਲੋਕ ਸ਼ੂਗਰ ਦੀ ਬਿਮਾਰੀ ਤੋਂ ਪੀੜਤ ਹਨ। ਦੇਸ਼ ਵਿੱਚ ਪਿਛਲੇ ਕੁਝ ਸਾਲਾਂ 'ਚ ਔਰਤਾਂ ਤੇ ਪੁਰਸ਼ਾਂ ਵਿੱਚ ਸ਼ੂਗਰ ਦੇ ਮਰੀਜ਼ਾਂ ਦੀ ਗਿਣਤੀ ਵਧੀ ਹੈ। ਇਸ ਤੋਂ ਇਲਾਵਾ ਦੇਸ਼ ਵਿੱਚ ਔਰਤਾਂ ਵਿੱਚ ਮੋਟਾਪਾ ਦਰ 24 ਫ਼ੀਸਦ ਤੋਂ ਵੱਧ ਕੇ 30.7 ਫ਼ੀਸਦ 'ਤੇ ਪਹੁੰਚ ਗਈ ਹੈ, ਜਦੋਂ ਕਿ ਪੰਜਾਬ ਔਰਤਾਂ ਦੇ ਮੋਟਾਪੇ ਦੇ ਮਾਮਲੇ ਵਿੱਚ ਚੌਥੇ ਨੰਬਰ 'ਤੇ ਹੈ।

ਡੱਬੀ.. ਪੰਜਾਬ 'ਚ ਕੈਂਸਰ ਨੇ ਪੈਰ ਪਸਾਰੇ

ਪੰਜਾਬ ਵਿੱਚ ਕੈਂਸਰ ਵੀ ਤੇਜ਼ੀ ਨਾਲ ਪੈਰ ਪਸਾਰ ਰਿਹਾ ਹੈ। ਹੋਮੀ ਭਾਭਾ ਕੈਂਸਰ ਹਸਪਤਾਲ ਅਤੇ ਜ਼ਿਲ੍ਹਾ ਪੱਧਰੀ ਕੈਂਸਰ ਰਜਿਸਟਰੀ ਅਨੁਸਾਰ ਪੰਜਾਬ ਵਿੱਚ ਇੱਕ ਲੱਖ ਮਰੀਜ਼ਾਂ ਦੇ ਪਿੱਛੇ 75 ਤੋਂ 90 ਲੋਕਾਂ ਕੈਂਸਰ ਹੈ। ਇਹੀ ਹਾਲਾਤ ਮਿਜ਼ੋਰਮ, ਨਾਗਾਲੈਂਡ ਅਤੇ ਮੇਘਾਲਿਆ ਦੇ ਹਨ।

# ਸਰਕਾਰੀ ਨੌਕਰੀਆਂ: ਲਾਡੀ ਦੀ ਚੁਣੌਤੀ, ਅਮਨ ਅਰੋੜਾ ਦਾ ਕਬੂਲਨਾਮਾ

**ਚਰਨਜੀਤ ਭੁੱਲਰ**
**ਚੰਡੀਗੜ੍ਹ, 5 ਅਗਸਤ**

ਮੌਨਸੂਨ ਸੈਸ਼ਨ ਦੌਰਾਨ ਅੱਜ ਸਰਕਾਰੀ ਨੌਕਰੀਆਂ ਦੇ ਮੁੱਦੇ 'ਤੇ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਕਾਂਗਰਸੀ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੀ ਗਰਾਰੀ ਫਸ ਗਈ, ਜਦੋਂ ਸਦਨ 'ਚ ਪੰਜਾਬ ਸਰਕਾਰ ਵੱਲੋਂ ਮੁਹੱਈਆ ਕਰਾਏ ਰੁਜ਼ਗਾਰ 'ਤੇ ਬਹਿਸ ਚੱਲ ਰਹੀ ਸੀ ਤਾਂ ਉਸ ਵੇਲੇ ਕਾਂਗਰਸੀ ਵਿਧਾਇਕ ਲਾਡੀ ਸ਼ੇਰੋਵਾਲੀਆ ਨੇ ਅਮਨ ਅਰੋੜਾ ਨੂੰ ਚੈਲਿੰਜ ਕਰ ਦਿੱਤਾ ਕਿ ਉਨ੍ਹਾਂ ਦੇ ਸ਼ਾਹਕੋਟ ਹਲਕੇ 'ਚ ਇੱਕ ਵੀ ਸਰਕਾਰੀ ਨੌਕਰੀ ਨਹੀਂ ਮਿਲੀ। ਜੁਆਬੀ ਹਮਲੇ 'ਚ ਅਮਨ ਅਰੋੜਾ ਨੇ ਕਿਹਾ ਕਿ ਲਾਡੀ ਜੀ! ਬੰਨ੍ਹੋ ਟਾਈਮ ਅਤੇ ਦੱਸ ਦਿਓ ਤਰੀਕ, ਮੈਂ ਆਵਾਂਗਾ ਤੁਹਾਡੇ ਹਲਕੇ 'ਚ, ਦਿਖਾਵਾਂਗਾ ਸਰਕਾਰੀ ਨੌਕਰੀ ਹਾਸਲ ਕਰਨ ਵਾਲੇ।'

ਅਰੋੜਾ ਨੇ ਚੈਲਿੰਜ ਕਬੂਲ ਕਰਦਿਆਂ ਕਿਹਾ ਕਿ ਅਗਰ ਉਹ ਖ਼ੁਦ ਇਸ ਮਾਮਲੇ 'ਚ ਸਾਬਤ ਨਾ ਕਰ ਸਕੇ ਤਾਂ ਅਸਤੀਫ਼ਾ ਦੇਣਗੇ, ਨਹੀਂ ਫਿਰ ਲਾਡੀ ਜੀ ਤੁਹਾਨੂੰ ਅਸਤੀਫ਼ਾ ਦੇਣਾ ਪਵੇਗਾ। ਅਰੋੜਾ ਤੇ ਲਾਡੀ ਸ਼ੇਰੋਵਾਲੀਆ ਇਸ ਮਾਮਲੇ 'ਤੇ ਆਹਮੋ-ਸਾਹਮਣੇ ਹੋ ਗਏ। ਇਸੇ ਦੌਰਾਨ ਦਿਲਚਸਪ ਸਥਿਤੀ ਉਦੋਂ ਬਣ ਗਈ, ਜਦੋਂ ਵਿਧਾਇਕਾ ਸਰਵਜੀਤ ਕੌਰ ਮਾਣੂਕੇ ਨੇ ਸਦਨ 'ਚ ਖੜ੍ਹੇ ਹੋ ਕੇ ਲਾਡੀ ਸ਼ੇਰੋਵਾਲੀਆ ਨੂੰ ਮੌਕੇ 'ਤੇ ਹੀ ਸਬੂਤ ਦੇਣ ਦੀ ਗੱਲ ਆਖ ਦਿੱਤੀ। ਮਾਣੂਕੇ ਨੇ ਕਿਹਾ ਕਿ ਲਾਡੀ ਸ਼ੇਰੋਵਾਲੀਆ ਦੇ ਹਲਕੇ ਸ਼ਾਹਕੋਟ ਦੇ ਪਿੰਡ ਬੀਟਲਾ ਦੀ ਜਸਵਿੰਦਰ ਕੌਰ ਸਰਕਾਰੀ ਨੌਕਰੀ ਕਰਦੀ ਹੈ। ਮਾਣੂਕੇ ਨੇ ਮੌਕੇ 'ਤੇ ਪੇਸ਼ਕਸ਼ ਕੀਤੀ ਕਿ ਅਗਰ ਲਾਡੀ ਜੀ ਚਾਹੁੰਦੇ ਹਨ ਤਾਂ ਹੁਣੇ ਉਹ ਜਸਵਿੰਦਰ ਕੌਰ ਨੂੰ ਵੀਡੀਓ ਕਾਲ ਕਰ ਲੈਂਦੀ ਹੈ।

### ਈ ਡੀ ਦੇ ਛਾਪੇ ਦੀ ਗੂੰਜ

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਸਿਫ਼ਰ ਕਾਲ ਦੌਰਾਨ ਸਨਅਤੀ ਪਲਾਟ ਘਪਲੇ ਦੇ ਮੁੱਦੇ ਦੀ ਗੱਲ ਕਰਦਿਆਂ ਇਸ 'ਤੇ ਪੰਜਾਬ ਸਰਕਾਰ ਤੋਂ ਜਵਾਬ ਮੰਗਿਆ। ਪ੍ਰਤਾਪ ਬਾਜਵਾ ਨੇ ਉਦਯੋਗਿਕ ਪਲਾਟਾਂ ਦੀ ਅਲਾਟਮੈਂਟ ਨਾਲ ਸਬੰਧਤ ਘੁਟਾਲੇ ਨੂੰ ਲੈ ਕੇ 11 ਥਾਵਾਂ 'ਤੇ ਈ ਡੀ ਵੱਲੋਂ ਮਾਰੇ ਗਏ ਛਾਪੇ ਦਾ ਜ਼ਿਕਰ ਕੀਤਾ।

### ਕਾਂਗਰਸ ਦੀ ਤਸਕਰਾਂ ਨਾਲ ਸਾਂਝ: ਚੀਮਾ

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਲੰਘੇ ਦਿਨੀਂ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਸਟੇਜ 'ਤੇ ਬੁਲਾਏ ਵਿਅਕਤੀ ਜਿਸ ਨੇ ਚਰਨਜੀਤ ਚੰਨੀ ਨੂੰ ਸਟੇਜ ਤੋਂ ਫੋਨ ਲਾਇਆ ਸੀ, ਦਾ ਉਚੇਚਾ ਜ਼ਿਕਰ ਛੇੜਦਿਆਂ ਕਿਹਾ ਕਿ ਕਾਂਗਰਸੀ ਸਟੇਜ ਤੋਂ ਚੰਨੀ ਨੂੰ ਫੋਨ ਕਰਨ ਵਾਲੇ ਵਿਅਕਤੀ 'ਤੇ ਨਸ਼ਾ ਤਸਕਰੀ ਦਾ ਪਰਚਾ ਦਰਜ ਹੈ।


**ਪੰਜਾਬ ਨੈਸ਼ਨਲ ਬੈਂਕ**
..... ਤੁਹਾਡੇ ਭਰੋਸੇ ਦਾ ਪ੍ਰਤੀਕ
ਐਸਟ ਰਿਕਵਰੀ ਮੈਨੇਜਮੈਂਟ ਬ੍ਰਾਂਚ (ਏਆਰਐਮਬੀ)
ਐਸਸੀਓ 60-61, ਫਸਟ ਫਲੋਰ, ਬੈਂਕ ਸੁਕੇਅਰ, ਸੈਕਟਰ-17-ਬੀ, ਚੰਡੀਗੜ੍ਹ-160017, ਈਮੇਲ: cs8214@pnb.bank.in

**ਅਚੱਲ ਅਸਾਸਿਆਂ ਦੀ ਵਿਕਰੀ ਲਈ ਵਿਕਰੀ ਸੂਚਨਾ**

**ਸੁਰੱਖਿਅਤ ਕ੍ਰੈਡਿਟਰਾਂ ਦੀ ਜਾਣਕਾਰੀ ਵਿਚ ਦੇਣਦਾਰੀ ਦਾ ਵੇਰਵਾ - ਮਾਲੂਮ ਨਹੀਂ**

ਸਿਕਿਓਰਿਟਾਈਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਈਨੈਂਸ਼ੀਅਲ ਐਸਟਸ ਐਂਡ ਐਨਫੋਰਸਮੈਂਟ ਆਫ ਸਿਕਿਓਰਿਟੀ ਇੰਟਰਸਟ ਐਕਟ 2002, ਜੋ ਕਿ ਸਿਕਿਓਰਿਟੀ ਇੰਟਰਸਟ (ਐਨਫੋਰਸਮੈਂਟ) ਰੂਲਜ਼, 2002 ਦੇ ਨਿਯਮ 8(6) ਦੇ ਉਪਬੰਧਾਂ ਦੇ ਨਾਲ ਪੜ੍ਹਿਆ ਜਾਂਦਾ ਹੈ, ਦੇ ਤਹਿਤ ਅਚੱਲ ਸੰਪਤੀਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ। ਇਸ ਦੁਆਰਾ ਆਮ ਜਨਤਾ ਨੂੰ ਅਤੇ ਖਾਸ ਕਰਕੇ ਕਰਜ਼ਦਾਰ (ਆਂ) ਅਤੇ ਗਾਰੰਟਰ (ਆਂ) ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਹੇਠਾਂ ਦੱਸੀ ਗਈ ਅਚੱਲ ਜਾਇਦਾਦ (ਆਂ) ਜੋ ਕਿ ਸੁਰੱਖਿਅਤ ਲੈਣਦਾਰ ਨੂੰ ਮਾਰਟਗੇਜ/ਗਿਰਵੀ/ਚਾਰਜ ਕੀਤੀ ਗਈ ਹੈ, ਜਿਸ ਦੀ ਰਚਨਾਤਮਕ/ਭੌਤਿਕ/ਪ੍ਰਤੀਕਾਤਮਕ (ਜੋ ਵੀ ਲਾਗੂ ਹੋਵੇ) ਕਬਜ਼ਾ ਬੈਂਕ/ਸੁਰੱਖਿਅਤ ਲੈਣਦਾਰ ਦੇ ਅਧਿਕਾਰਤ ਅਧਿਕਾਰੀ ਦੁਆਰਾ ਲਿਆ ਗਿਆ ਹੈ, ਨੂੰ ਹੇਠਾਂ ਦਿੱਤੇ ਟੇਬਲ ਵਿਚ ਦਰਸਾਈ ਗਈ ਮਿਤੀ ਨੂੰ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਹੈ" ਆਧਾਰ 'ਤੇ ਵੇਚਿਆ ਜਾਵੇਗਾ ਤਾਂ ਜੋ ਬੈਂਕ/ਸੁਰੱਖਿਅਤ ਲੈਣਦਾਰ ਦੁਆਰਾ ਸਬੰਧਤ ਕਰਜ਼ਦਾਰ (ਆਂ) ਅਤੇ ਗਾਰੰਟਰ (ਆਂ) ਤੋਂ ਇਸ ਦੇ ਬਕਾਏ ਦੀ ਵਸੂਲੀ ਕੀਤੀ ਜਾ ਸਕੇ। ਰਾਖਵੀਂ ਕੀਮਤ ਅਤੇ ਬਿਆਨਾ ਰਕਮ ਸਬੰਧਤ ਜਾਇਦਾਦਾਂ ਦੇ ਪ੍ਰਤੀ ਹੇਠਾਂ ਦਿੱਤੀ ਸਾਰਣੀ ਵਿਚ ਦਰਸਾਏ ਅਨੁਸਾਰ ਹੋਵੇਗੀ।

**ਸੁਰੱਖਿਅਤ ਜਾਇਦਾਦ ਦੀ ਵਿਕਰੀ ਦਾ ਸ਼ੈਡਿਊਲ**

| ਲਾਟ ਨੰ. | ਸ਼ਾਖਾ ਦਾ ਨਾਮ / ਖਾਤੇ ਦਾ ਨਾਮ / ਕਰਜ਼ਦਾਰ/ਗਾਰੰਟਰਾਂ ਦੇ ਨਾਮ ਅਤੇ ਪਤੇ | ਅਚੱਲ ਗਿਰਵੀ ਰੱਖੀ ਜਾਇਦਾਦ ਦਾ ਵੇਰਵਾ ਅਤੇ ਮਾਲਕ (ਮਾਲਕਾਂ)/ ਗਿਰਵੀ ਰੱਖਣ ਵਾਲਿਆਂ ਦਾ ਨਾਮ | ਡਿਮਾਂਡ ਨੋਟਿਸ ਦੀ ਮਿਤੀ / ਬਕਾਇਆ ਰਕਮ / ਕਬਜ਼ੇ ਦੀ ਮਿਤੀ / ਕਬਜ਼ੇ ਦੀ ਪ੍ਰਕਿਰਤੀ | ਰਿਜ਼ਰਵ ਕੀਮਤ / ਬਿਆਨਾ ਰਕਮ ਜਮ੍ਹਾਂ (EMD) / ਬੋਲੀ ਵਧਾਉਣ ਦੀ ਰਕਮ | ਈ-ਨਿਲਾਮੀ ਦੀ ਮਿਤੀ ਤੇ ਸਮਾਂ |
|---|---|---|---|---|---|
| 1. | ਸ਼ਾਖਾ: ਏਆਰਐਮਬੀ, ਸੈਕਟਰ 17-ਬੀ, ਚੰਡੀਗੜ੍ਹ / ਮੈਸਰਜ਼ ਸ਼ਿਵਾਲਿਕ ਆਟੋ ਮੋਬਾਈਲਜ਼ / ਮੈਸਰਜ਼ ਸ਼ਿਵਾਲਿਕ ਆਟੋ ਮੋਬਾਈਲਜ਼ ਮਾਰਫਤ ਇਸ ਦੇ ਪ੍ਰੋਪਰਾਈਟਰ ਸ੍ਰੀ ਰਾਜੇਸ਼ ਕੁਮਾਰ ਐਸਸੀਓ 1020 ਰਾਮਨਗਰ, ਸਾਹਮਣੇ ਲਛਮਣ ਸਿੰਘ ਐਚ.ਪੀ. ਪੈਟਰੋਲ ਪੰਪ, ਕਾਲਕਾ, ਜ਼ਿਲ੍ਹਾ ਪੰਚਕੂਲਾ-133304, ਸ੍ਰੀ ਰਾਜੇਸ਼ ਕੁਮਾਰ (ਪ੍ਰੋਪਰਾਈਟਰ) ਮਕਾਨ ਨੰਬਰ 29-ਏ, ਬਲਾਕ ਨੰਬਰ 2, ਧਰਮਪੁਰ ਕਲੋਨੀ, ਪਿੰਜੌਰ, ਜ਼ਿਲ੍ਹਾ ਪੰਚਕੂਲਾ-134104, ਸ੍ਰੀਮਤੀ ਅਨੁਰਾਧਾ (ਗਾਰੰਟਰ) ਮਕਾਨ ਨੰ. 29-ਏ, ਬਲਾਕ ਨੰ.2, ਧਰਮਪੁਰ ਕਲੋਨੀ, ਪਿੰਜੌਰ, ਜ਼ਿਲ੍ਹਾ ਪੰਚਕੂਲਾ-134104 | 1. ਰਿਹਾਇਸ਼ੀ ਜ਼ਮੀਨ ਪਲਾਟ ਨੰਬਰ 104 ਜਿਸ ਦਾ ਮਾਪ 210.83 ਵਰਗ ਗਜ਼ ਹੈ, ਪਿੰਡ ਧਨਕੌਰ, ਆਬਾਦੀ ਸੁਭਾਸ਼ ਨਗਰ (ਬਲਦੇਵ ਨਗਰ) ਅੰਬਾਲਾ ਸ਼ਹਿਰ ਵਿਖੇ ਸਥਿਤ ਹੈ, ਜੋ ਕਿ ਸੇਲ ਡੀਡ ਨੰਬਰ 934/1 ਮਿਤੀ 24.05.2007 ਅਨੁਸਾਰ ਸ੍ਰੀ ਰਾਜੇਸ਼ ਕੁਮਾਰ ਪੁੱਤਰ ਸ੍ਰੀ ਅਜਮੇਰ ਸਿੰਘ ਦੀ ਮਲਕੀਅਤ ਹੈ। ਟਿੱਪਣੀਆਂ: ਵੈਲੂਅਰ ਰਾਜਕੁਮਾਰ ਜਾਂਗੜਾ ਦੀ 23.07.2026 ਦੀ ਰਿਪੋਰਟ ਅਨੁਸਾਰ ਦੱਸਿਆ ਗਿਆ ਹੈ ਕਿ ਏਰੀਆ ਏਅਰ ਫੋਰਸ ਸਟੇਸ਼ਨ ਦੇ ਨੋਟੀਫਿਕੇਸ਼ਨ ਨੰਬਰ CCP(NCR)/AMB/FDP/2012/2916, ਮਿਤੀ 06.09.2012 ਦੇ ਅਨੁਸਾਰ ਨਿਰਮਾਣ ਰਹਿਤ ਜ਼ੋਨ ਦੇ ਅਧੀਨ ਆਉਂਦਾ ਹੈ। | 21.04.2017 / Rs. 2,53,02,857.45 including costs plus future Interest w.e.f. 01.03.2017 and Charges, Less Recovery if any / 23.06.2017 / SYMBOLIC POSSESSION | RP: Rs. 11,00,000/- / EMD: Rs. 1,10,000/- / Bid increase amount Rs. 11,000/- | 24.08.2026 11:00 AM to 4:00 P.M. |
| | | 2. ਰਿਹਾਇਸ਼ੀ ਜ਼ਮੀਨ ਪਲਾਟ ਨੰਬਰ 107 ਪਿੰਡ ਧਨਕੌਰ, ਆਬਾਦੀ ਸੁਭਾਸ਼ ਨਗਰ (ਬਲਦੇਵ ਨਗਰ) ਅੰਬਾਲਾ ਸ਼ਹਿਰ ਵਿਖੇ ਸਥਿਤ 207 ਵਰਗ ਗਜ਼, ਸੇਲ ਡੀਡ ਨੰਬਰ 708/1 ਮਿਤੀ 11.05.2007 ਅਨੁਸਾਰ ਰਜਿਸਟਰਡ ਅਤੇ ਸ੍ਰੀ ਰਾਜੇਸ਼ ਕੁਮਾਰ ਪੁੱਤਰ ਸ੍ਰੀ ਅਜਮੇਰ ਸਿੰਘ ਦੀ ਮਲਕੀਅਤ। ਟਿੱਪਣੀਆਂ: ਵੈਲੂਅਰ ਰਾਜਕੁਮਾਰ ਜਾਂਗੜਾ ਦੀ 23.07.2026 ਦੀ ਰਿਪੋਰਟ ਅਨੁਸਾਰ ਦੱਸਿਆ ਗਿਆ ਹੈ ਕਿ ਏਰੀਆ ਏਅਰ ਫੋਰਸ ਸਟੇਸ਼ਨ ਦੇ ਨੋਟੀਫਿਕੇਸ਼ਨ ਨੰਬਰ CCP(NCR)/AMB/FDP/2012/2916, ਮਿਤੀ 06.09.2012 ਦੇ ਅਨੁਸਾਰ ਨਿਰਮਾਣ ਰਹਿਤ ਜ਼ੋਨ ਦੇ ਅਧੀਨ ਆਉਂਦਾ ਹੈ। | | RP: Rs. 10,00,000/- / EMD: Rs. 1,00,000/- / Bid increase amount Rs. 10,000/- | 24.08.2026 11:00 AM to 4:00 P.M. |
| | | 3. ਰਿਹਾਇਸ਼ੀ ਜ਼ਮੀਨ ਪਲਾਟ ਨੰਬਰ 112 ਜਿਸ ਦਾ ਆਕਾਰ 222.75 ਵਰਗ ਗਜ਼ ਹੈ, ਪਿੰਡ ਧਨਕੌਰ, ਆਬਾਦੀ ਸੁਭਾਸ਼ ਨਗਰ (ਬਲਦੇਵ ਨਗਰ) ਅੰਬਾਲਾ ਸ਼ਹਿਰ ਵਿਖੇ ਸਥਿਤ ਹੈ, ਜੋ ਕਿ ਸੇਲ ਡੀਡ ਨੰਬਰ 701/1 ਮਿਤੀ 11.05.2007 ਅਨੁਸਾਰ ਰਜਿਸਟਰਡ ਅਤੇ ਸ੍ਰੀ ਰਾਜੇਸ਼ ਕੁਮਾਰ ਪੁੱਤਰ ਸ੍ਰੀ ਅਜਮੇਰ ਸਿੰਘ ਦੀ ਮਲਕੀਅਤ ਹੈ। ਟਿੱਪਣੀਆਂ: ਵੈਲੂਅਰ ਰਾਜਕੁਮਾਰ ਜਾਂਗੜਾ ਦੀ 23.07.2026 ਦੀ ਰਿਪੋਰਟ ਅਨੁਸਾਰ ਦੱਸਿਆ ਗਿਆ ਹੈ ਕਿ ਏਰੀਆ ਏਅਰ ਫੋਰਸ ਸਟੇਸ਼ਨ ਦੇ ਨੋਟੀਫਿਕੇਸ਼ਨ ਨੰਬਰ CCP(NCR)/AMB/FDP/2012/2916, ਮਿਤੀ 06.09.2012 ਦੇ ਅਨੁਸਾਰ ਨਿਰਮਾਣ ਰਹਿਤ ਜ਼ੋਨ ਦੇ ਅਧੀਨ ਆਉਂਦਾ ਹੈ। | | RP: Rs. 11,00,000/- / EMD: Rs. 1,10,000/- / Bid increase amount Rs. 11,000/- | 24.08.2026 11:00 AM to 4:00 P.M. |
| | | 4. ਪਿੰਡ ਧਨਕੌਰ, ਆਬਾਦੀ ਸੁਭਾਸ਼ ਨਗਰ (ਬਲਦੇਵ ਨਗਰ) ਅੰਬਾਲਾ ਸ਼ਹਿਰ ਵਿਖੇ ਸਥਿਤ 885 ਵਰਗ ਗਜ਼ ਦਾ ਰਿਹਾਇਸ਼ੀ ਜ਼ਮੀਨੀ ਪਲਾਟ, ਰਜਿਸਟਰਡ ਖਾਤਾ ਨੰਬਰ 9/25/3, ਸੇਲ ਡੀਡ ਨੰਬਰ 2614/1 ਮਿਤੀ 11.08.2007 ਅਨੁਸਾਰ ਸ੍ਰੀ ਰਾਜੇਸ਼ ਕੁਮਾਰ ਪੁੱਤਰ ਸ੍ਰੀ ਅਜਮੇਰ ਸਿੰਘ ਦੀ ਮਲਕੀਅਤ ਹੈ। ਟਿੱਪਣੀਆਂ: ਵੈਲੂਅਰ ਰਾਜਕੁਮਾਰ ਜਾਂਗੜਾ ਦੀ 23.07.2026 ਦੀ ਰਿਪੋਰਟ ਅਨੁਸਾਰ ਦੱਸਿਆ ਗਿਆ ਹੈ ਕਿ ਏਅਰ ਫੋਰਸ ਸਟੇਸ਼ਨ ਦੇ ਨੋਟੀਫਿਕੇਸ਼ਨ ਨੰਬਰ CCP(NCR)/AMB/FDP/2012/2916, ਮਿਤੀ 06.09.2012 ਦੇ ਅਨੁਸਾਰ ਖੇਤਰ ਬਿਨਾਂ ਉਸਾਰੀ ਜ਼ੋਨ ਦੇ ਅਧੀਨ ਆਉਂਦਾ ਹੈ। | | RP: Rs. 36,00,000/- / EMD: Rs. 3,60,000/- / Bid increase amount Rs. 36,000/- | 24.08.2026 11:00 AM to 4:00 P.M. |
| | | 5. ਰਿਹਾਇਸ਼ੀ ਜ਼ਮੀਨ ਪਲਾਟ ਨੰਬਰ 102 ਪਿੰਡ ਧਨਕੌਰ, ਆਬਾਦੀ ਸੁਭਾਸ਼ ਨਗਰ (ਬਲਦੇਵ ਨਗਰ) ਅੰਬਾਲਾ ਸ਼ਹਿਰ ਵਿਖੇ ਸਥਿਤ ਹੈ, ਜੋ ਕਿ ਸੇਲ ਡੀਡ ਨੰਬਰ 707 ਮਿਤੀ 11.05.2007 ਅਨੁਸਾਰ ਸ੍ਰੀ ਰਾਜੇਸ਼ ਕੁਮਾਰ ਪੁੱਤਰ ਸ੍ਰੀ ਅਜਮੇਰ ਸਿੰਘ ਦੀ ਮਲਕੀਅਤ ਹੈ। ਟਿੱਪਣੀਆਂ: ਵੈਲੂਅਰ ਰਾਜਕੁਮਾਰ ਜਾਂਗੜਾ ਦੀ 23.07.2026 ਦੀ ਰਿਪੋਰਟ ਅਨੁਸਾਰ ਦੱਸਿਆ ਗਿਆ ਹੈ ਕਿ ਏਅਰ ਫੋਰਸ ਸਟੇਸ਼ਨ ਦੇ ਨੋਟੀਫਿਕੇਸ਼ਨ ਨੰਬਰ CCP(NCR)/AMB/FDP/2012/2916, ਮਿਤੀ 06.09.2012 ਦੇ ਅਨੁਸਾਰ ਖੇਤਰ ਨਿਰਮਾਣ ਰਹਿਤ ਜ਼ੋਨ ਅਧੀਨ ਆਉਂਦਾ ਹੈ। | | RP: Rs. 10,00,000/- / EMD: Rs. 1,00,000/- / Bid increase amount Rs. 10,000/- | 24.08.2026 11:00 AM to 4:00 P.M. |

ਮਿਤੀ: 03.08.2026
ਸਥਾਨ: ਚੰਡੀਗੜ੍ਹ
ਅਧਿਕਾਰਤ ਅਫਸਰ
ਪੰਜਾਬ ਨੈਸ਼ਨਲ ਬੈਂਕ, ਏਆਰਐਮਬੀ, ਚੰਡੀਗੜ੍ਹ।

| ਲਾਟ ਨੰ. | ਸ਼ਾਖਾ ਦਾ ਨਾਮ / ਖਾਤੇ ਦਾ ਨਾਮ / ਕਰਜ਼ਦਾਰ/ਗਾਰੰਟਰਾਂ ਦੇ ਨਾਮ ਅਤੇ ਪਤੇ | ਅਚੱਲ ਗਿਰਵੀ ਰੱਖੀ ਜਾਇਦਾਦ ਦਾ ਵੇਰਵਾ ਅਤੇ ਮਾਲਕ (ਮਾਲਕਾਂ)/ ਗਿਰਵੀ ਰੱਖਣ ਵਾਲਿਆਂ ਦਾ ਨਾਮ | ਡਿਮਾਂਡ ਨੋਟਿਸ ਦੀ ਮਿਤੀ / ਬਕਾਇਆ ਰਕਮ / ਕਬਜ਼ੇ ਦੀ ਮਿਤੀ / ਕਬਜ਼ੇ ਦੀ ਪ੍ਰਕਿਰਤੀ | ਰਿਜ਼ਰਵ ਕੀਮਤ / ਬਿਆਨਾ ਰਕਮ ਜਮ੍ਹਾਂ (EMD) / ਬੋਲੀ ਵਧਾਉਣ ਦੀ ਰਕਮ | ਈ-ਨਿਲਾਮੀ ਦੀ ਮਿਤੀ ਤੇ ਸਮਾਂ |
|---|---|---|---|---|---|
| 2. | ਸ਼ਾਖਾ: ਏਆਰਐਮਬੀ, ਸੈਕਟਰ 17-ਬੀ, ਚੰਡੀਗੜ੍ਹ / ਮੈਸਰਜ਼ ਰੈਡਿਸਕੋ (Rdesco) ਐਗਰੋ ਫੂਡਜ਼ / ਮੈਸਰਜ਼ ਰੈਡਿਸਕੋ ਐਗਰੋ ਫੂਡਜ਼ ਆਪਣੀ ਮਾਲਕ ਸ੍ਰੀਮਤੀ ਅਨੁਪਮ ਗਰਗ ਰਾਹੀਂ ਰਜਿਸਟਰਡ ਆਫਿਸ: ਫਲੈਟ ਨੰਬਰ ਸੀ-42, ਚੌਥੀ ਮੰਜ਼ਿਲ ਉੱਪਲ ਮਾਰਬਲ ਆਰਚ ਮਨੀਮਾਜਰਾ, ਚੰਡੀਗੜ੍ਹ ਪਿੰਨ-160101, ਵਰਕਸ: ਫੋਕਲ ਪੁਆਇੰਟ ਦੇ ਸਾਹਮਣੇ, ਵੀਪੀਓ ਬੱਲੂਆਣਾ ਮਲੋਟ ਰੋਡ, ਅਬੋਹਰ (ਪੰਜਾਬ)-152117, ਸ੍ਰੀ ਰਾਮ ਦਿਆਲ ਗਰਗ ਪੁੱਤਰ ਸ੍ਰੀ ਮਨੋਹਰ ਲਾਲ (ਗਾਰੰਟਰ) ਵਾਸੀ: ਫਲੈਟ ਨੰਬਰ ਸੀ-42, ਚੌਥੀ ਮੰਜ਼ਿਲ ਉੱਪਲ ਮਾਰਬਲ ਆਰਚ ਮਨੀਮਾਜਰਾ, ਚੰਡੀਗੜ੍ਹ ਪਿੰਨ-160101, ਸ੍ਰੀ ਉਮੇਸ਼ ਗਰਗ ਪੁੱਤਰ ਸ੍ਰੀ ਰਾਮ ਦਿਆਲ ਗਰਗ (ਗਾਰੰਟਰ) ਵਾਸੀ: ਫਲੈਟ ਨੰਬਰ ਸੀ-42, ਚੌਥੀ ਮੰਜ਼ਿਲ ਉੱਪਲ ਮਾਰਬਲ ਆਰਚ ਮਨੀਮਾਜਰਾ, ਚੰਡੀਗੜ੍ਹ ਪਿੰਨ-160101 | ਫੈਕਟਰੀ ਜ਼ਮੀਨ ਅਤੇ ਇਮਾਰਤ ਮਾਪ 29 ਕਨਾਲ 16 ਮਰਲੇ ਵੇਰਵਾ ਹੇਠ ਅਨੁਸਾਰ (1) ਜ਼ਮੀਨ ਦੀ ਮਾਪ 22 ਕਨਾਲ 02 ਮਰਲੇ ਜੋ ਕਿ ਰੈਕਟ ਨੰ. 129 ਕਿੱਲਾ ਨੰ. 4/1(7-14), 7/2(7-1), 8(7-7) ਖੇਵਟ ਨੰ. 264 ਖਤੌਨੀ ਨੰ. 403 ਵਿਚ ਸ਼ਾਮਲ ਅਤੇ (2) ਖੇਵਟ ਨੰ. 958 ਵਿਚ ਸ਼ਾਮਲ 08 ਕਨਾਲ 00 ਮਰਲੇ ਦੀ ਕੁੱਲ ਜ਼ਮੀਨ ਦਾ 126/131 ਹਿੱਸਾ 07 ਕਨਾਲ 14 ਮਰਲੇ ਜ਼ਮੀਨ ਦਾ ਮਾਪ ਹੈ। ਸਾਲ 2020-21 ਲਈ ਜਮ੍ਹਾਂਬੰਦੀ ਅਨੁਸਾਰ ਪਿੰਡ ਬੱਲੂਆਣਾ ਤਹਿਸੀਲ ਅਬੋਹਰ ਦੀ ਮਾਲੀਆ ਅਸਟੇਟ ਦੇ ਅੰਦਰ ਸਥਿਤ, ਵਿਕਰੀ ਡੀਡ ਨੰਬਰ 4186 ਮਿਤੀ 10.09.2008 ਦੇ ਤਹਿਤ ਸ੍ਰੀਮਤੀ ਅਨੁਪਮ ਗਰਗ ਪਤਨੀ ਸ੍ਰੀ ਰਾਮ ਦਿਆਲ ਗਰਗ ਦੇ ਨਾਮ 'ਤੇ (ਐਨਈਸੀ ਮਿਤੀ 04.12.2025 ਦੇ ਅਨੁਸਾਰ ਵਿਨੋਦ ਕੁਮਾਰ ਬੇਰੀ ਦੁਆਰਾ ਜ਼ਮੀਨ ਦਾ ਰਕਬਾ 29 ਕਨਾਲ 15.89 ਮਰਲੇ ਕਿਸੇ ਵੀ ਤਰ੍ਹਾਂ ਦੇ ਰਿਣਭਾਰ ਦੇ ਵੇਰਵੇ ਜੋ ਬੈਂਕ ਨੂੰ ਪਤਾ ਹਨ, ਜਿਸ ਪ੍ਰਤੀ ਜਾਇਦਾਦ ਦੇਣਦਾਰ ਹੈ: ਸੀਐਸ ਨੰਬਰ 356/2024 ਜਿਸ ਦਾ ਸਿਰਲੇਖ ਗੌਤਮ ਸ਼ਰਮਾ ਬਨਾਮ ਰਮੇਸ਼ ਚੰਦਰ ਅਤੇ ਹੋਰ ਹੈ, ਦਾ ਮੁਕੱਦਮਾ ਏਸੀਜੇ (ਐਸਡੀ) ਅਬੋਹਰ ਜ਼ਿਲ੍ਹਾ ਫਾਜ਼ਿਲਕਾ ਦੀ ਅਦਾਲਤ ਵਿਚ ਵਿਚਾਰ ਅਧੀਨ ਹੈ ਡੀਆਰਟੀ ਐਸਏ 338/2024 ਮੈਸਰਜ਼ ਰੈਡਿਸਕੋ (Rdesco) ਐਗਰੋ ਬਨਾਮ ਪੀਐਨਬੀ ਡੀਆਰਟੀ 2, ਚੰਡੀਗੜ੍ਹ ਵਿਖੇ। | a) Date of 13(2): 21.09.2021 b) Rs. 9,07,59,401.37 plus further interest w.e.f. 01.09.2021 plus costs incurred, less recovery, if any c) Date of 13(4): 27.01.2022 d) Nature of Possession: Physical Date: 06.08.2024 | RP: Rs. 2,37,52,000/- / EMD: Rs. 23,75,200/- / Bid increase amount Rs. 2,50,000/- | 27.08.2026 11:00 AM to 4:00 P.M. |
| | | 11 ਕਨਾਲ ਅਤੇ 1 ਮਰਲੇ ਦੀ ਜ਼ਮੀਨ ਅਤੇ ਇਮਾਰਤ ਜੋ ਕਿ ਰੈਕਟ ਨੰਬਰ 103 ਕਿੱਲਾ ਨੰਬਰ 21/1/2(0-14) 22/2/1(2-9) ਰੈਕਟ ਨੰਬਰ 125 ਕਿੱਲਾ ਨੰਬਰ 2/1 (8-0) 3/1/1(0-12) ਖੇਵਟ ਨੰਬਰ 391 ਖਤੌਨੀ ਨੰਬਰ 614 ਵਿਚ ਸਾਲ 2010-2011 ਲਈ ਜਮ੍ਹਾਂਬੰਦੀ ਅਨੁਸਾਰ (ਨਵਾਂ ਖੇਵਟ ਨੰਬਰ 396 ਖਤੌਨੀ ਨੰਬਰ 614 ਸਾਲ 2015-16 ਲਈ ਜਮ੍ਹਾਂਬੰਦੀ ਅਨੁਸਾਰ) ਅਤੇ ਪੂਰਬ ਵੱਲ: ਸੀਮਾਵਾਂ ਨਾਲ ਘਿਰੀ ਹੋਈ ਹੈ: ਵਿਸ਼ੂ ਕੰਬੋਜ ਦੀ ਜਾਇਦਾਦ, ਪੱਛਮ: ਰਾਮਾ ਦਿਆਲ, ਉੱਤਰ: ਮਲੋਟ ਰੋਡ, ਦੱਖਣ: ਰਾਮ ਦਿਆਲ, ਪਿੰਡ ਬੱਲੂਆਣਾ ਤਹਿਸੀਲ ਅਬੋਹਰ ਵਿਖੇ ਸਥਿਤ ਸ੍ਰੀ ਉਮੇਸ਼ ਗਰਗ ਦੀ ਮਲਕੀਅਤ ਟਰਾਂਸਫਰ ਡੀਡ ਨੰਬਰ 4876 ਮਿਤੀ 16.03.2016 ਸਬ-ਰਜਿਸਟਰਾਰ ਅਬੋਹਰ ਵਿਖੇ ਰਜਿਸਟਰ ਕੀਤਾ ਗਿਆ। (ਪਹਿਲਾਂ ਇਹ 11 ਕ. 15 ਮ. ਸੀ। ਰੈਕਟ ਨੰਬਰ 103 ਕਿੱਲਾ ਨੰਬਰ 21/1/2/1(0-14) ਵਿਚ 00 ਕਨਾਲ 14 ਮਰਲੇ ਜ਼ਮੀਨ ਨੈਸ਼ਨਲ ਹਾਈਵੇ ਅਥਾਰਟੀ ਦੁਆਰਾ ਪ੍ਰਾਪਤ ਕੀਤੀ ਗਈ ਹੈ) ਕਿਸੇ ਵੀ ਤਰ੍ਹਾਂ ਦੇ ਰਿਣਭਾਰ ਦੇ ਵੇਰਵੇ ਜੋ ਬੈਂਕ ਨੂੰ ਪਤਾ ਹਨ, ਜਿਸ ਪ੍ਰਤੀ ਜਾਇਦਾਦ ਦੇਣਦਾਰ ਹੈ: ਸੀਐਸ ਨੰਬਰ 356/2024 ਜਿਸ ਦਾ ਸਿਰਲੇਖ ਗੌਤਮ ਸ਼ਰਮਾ ਬਨਾਮ ਰਮੇਸ਼ ਚੰਦਰ ਅਤੇ ਹੋਰ ਹੈ, ਦਾ ਮੁਕੱਦਮਾ ਏਸੀਜੇ (ਐਸਡੀ) ਅਬੋਹਰ ਜ਼ਿਲ੍ਹਾ ਫਾਜ਼ਿਲਕਾ ਦੀ ਅਦਾਲਤ ਵਿਚ ਵਿਚਾਰ ਅਧੀਨ ਹੈ। ਡੀਆਰਟੀ SA338/2024 ਮੈਸਰਜ਼ ਰੈਡਿਸਕੋ (Rdesco) ਐਗਰੋ ਬਨਾਮ ਪੀਐਨਬੀ ਡੀਆਰਟੀ 2, ਚੰਡੀਗੜ੍ਹ ਵਿਖੇ। | | RP: Rs. 1,22,14,000/- / EMD: Rs. 12,21,400/- / Bid increase amount Rs. 1,50,000/- | 27.08.2026 11:00 AM to 4:00 P.M. |

(ਜੀਐਸਟੀ, ਜੇਕਰ ਉਪਰੋਕਤ ਕਿਸੇ ਵੀ ਜਾਇਦਾਦ 'ਤੇ ਲਾਗੂ ਹੁੰਦਾ ਹੈ, ਤਾਂ ਇਸਦਾ ਭੁਗਤਾਨ ਸਫਲ ਬੋਲੀਦਾਤਾ ਨੂੰ ਕਰਨਾ ਹੋਵੇਗਾ)

**ਟਿੱਪਣੀ: ਸਾਰੀ ਪ੍ਰਾਪਰਟੀ ਲਈ ਸੰਪਰਕ ਵਿਅਕਤੀ: ਪੰਜਾਬ ਨੈਸ਼ਨਲ ਬੈਂਕ**
**ਅਧਿਕਾਰਤ ਅਧਿਕਾਰੀ: ਸ੍ਰੀ ਐਨ ਪੀ ਸਿੰਘ, ਮੁੱਖ ਪ੍ਰਬੰਧਕ, ਏ ਆਰ ਐਮ ਬੀ, ਚੰਡੀਗੜ੍ਹ, ਮੋਬਾਈਲ ਨੰ: 8872042230**

**ਈ-ਨਿਲਾਮੀ ਵਿਕਰੀ ਦੀਆਂ ਸ਼ਰਤਾਂ ਅਤੇ ਪ੍ਰਤੀਬੰਧ:**
ਵਿਕਰੀ ਸਕਿਓਰਿਟੀ ਇੰਟਰਸਟ (ਐਨਫੋਰਸਮੈਂਟ) ਰੂਲਜ਼, 2002 ਵਿਚ ਵਰਣਤ ਸ਼ਰਤਾਂ ਅਤੇ ਪ੍ਰਤੀਬੰਧਾਂ ਅਤੇ ਨਿਮਨ ਸ਼ਰਤਾਂ ਦੇ ਉਪਰ ਆਧਾਰਤ ਹੋਵੇਗੀ:
1. ਪ੍ਰਾਪਰਟੀਆਂ ਨੂੰ **"ਜਿਵੇਂ ਹੈ, ਜਿੱਥੇ ਹੈ" ਅਤੇ "ਜਿਸ ਵੀ ਹਾਲਤ ਵਿਚ ਹੈ"** ਆਧਾਰ 'ਤੇ ਵੇਚਿਆ ਜਾ ਰਿਹਾ ਹੈ।
2. ਉਕਤ ਦਰਸਾਏ ਸ਼ੈਡਿਊਲ ਵਿਚ ਵਰਣਤ ਸੁਰੱਖਿਅਤ ਅਸਾਸਿਆਂ ਦੇ ਵੇਰਵੇ ਅਧਿਕਾਰਤ ਅਫਸਰ ਦੀ ਮੁਕੰਮਲ ਜਾਣਕਾਰੀ ਦੇ ਅਨੁਰੂਪ ਸਹੀ ਹਨ, ਪ੍ਰੰਤੂ ਅਧਿਕਾਰਤ ਅਫਸਰ ਦੀ ਇਸ ਉਦਘੋਸ਼ਣਾ ਵਿਚ ਕਿਸੇ ਵੀ ਤਰ੍ਹਾਂ ਦੀ ਗਲਤੀ, ਭੁੱਲ-ਚੁੱਕ ਜਾਂ ਗਲਤ ਬਿਆਨੀ ਸਬੰਧੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।
3. ਵਿਕਰੀ ਈ-ਨਿਲਾਮੀ ਪਲੇਟਫਾਰਮ ਰਾਹੀਂ ਕੀਤੀ ਜਾਵੇਗੀ: https://baanknet.com
4. ਵਿਕਰੀ ਦੀਆਂ ਵਿਸਤ੍ਰਿਤ ਸ਼ਰਤਾਂ ਅਤੇ ਪ੍ਰਤੀਬੰਧਾਂ ਲਈ ਕਿਰਪਾ ਕਰਕੇ ਸੰਪਰਕ ਕਰੋ: https://baanknet.com & www.pnbindia.in

**ਸਰਫੇਸੀ ਐਕਟ, 2002 ਦੇ ਨਿਯਮ 8(6) ਦੇ ਤਹਿਤ ਵਿਧਾਨਕ ਵਿਕਰੀ ਸੂਚਨਾ**

ਮਿਤੀ: 05.08.2026
ਸਥਾਨ: ਚੰਡੀਗੜ੍ਹ
ਸਹੀ/- ਅਧਿਕਾਰਤ ਅਫਸਰ
ਪੰਜਾਬ ਨੈਸ਼ਨਲ ਬੈਂਕ ਏਆਰਐਮਬੀ, ਚੰਡੀਗੜ੍ਹ।



ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ
**ਪੰਜਾਬ ਐਂਡ ਸਿੰਧ ਬੈਂਕ**
पंजाब एण्ड सिंध बैंक (भारत सरकार का उपक्रम) | Punjab & Sind Bank (A Govt. Of India Undertaking)
*Where service is a way of life*

**ਈ-ਨਿਲਾਮੀ ਵਿਕਰੀ ਸੂਚਨਾ**

**ਖੇਤਰੀ ਦਫਤਰ: ਚੰਡੀਗੜ੍ਹ**

**ਅਚੱਲ ਪ੍ਰਾਪਰਟੀ ਦੀ ਵਿਕਰੀ ਲਈ ਈ-ਨਿਲਾਮੀ ਵਾਸਤੇ ਜਨਤਕ ਸੂਚਨਾ**

**ਸੁਰੱਖਿਅਤ ਪ੍ਰਾਪਰਟੀ ਦੀ ਈ-ਨਿਲਾਮੀ ਦੀ ਮਿਤੀ ਤੇ ਸਮਾਂ: 08.09.2026 ਨੂੰ ਸਵੇਰੇ 11.00 ਵਜੇ ਤੋਂ ਦੁਪਹਿਰ 12.00 ਵਜੇ ਤੱਕ**
**ਬਿਆਨਾ ਰਕਮ ਤੇ ਦਸਤਾਵੇਜ਼ (ਆਨਲਾਈਨ) ਜਮ੍ਹਾਂ ਕਰਵਾਉਣ ਲਈ ਅੰਤਿਮ ਮਿਤੀ ਤੇ ਸਮਾਂ: 07.09.2026 ਨੂੰ ਸ਼ਾਮੀਂ 5.00 ਵਜੇ ਤੱਕ**
**ਪ੍ਰਾਪਰਟੀ ਦੇ ਨਿਰੀਖਣ ਦੀ ਮਿਤੀ: 01.09.2026 ਨੂੰ ਦੁਪਹਿਰ 12.00 ਵਜੇ ਤੋਂ ਬਾ. ਦੁਪਹਿਰ 3.00 ਵਜੇ ਤੱਕ**

**ਦੀ ਸਕਿਓਰਿਟਾਈਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨਾਂਸ਼ੀਅਲ ਐਸਟਸ ਐਂਡ ਐਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002 ਦੇ ਤਹਿਤ ਅਚੱਲ ਅਸਾਸਿਆਂ ਦੀ ਵਿਕਰੀ।**

QR Code of Baanknet

ਜਦਕਿ ਆਮ ਜਨਤਾ ਤੇ ਖਾਸ ਤੌਰ 'ਤੇ ਕਰਜ਼ਦਾਰ, ਗਾਰੰਟਰ ਤੇ ਗਿਰਵੀਦਾਤਾ ਨੂੰ ਬਾਕਾਇਦਾ ਸੂਚਿਤ ਕੀਤਾ ਜਾਂਦਾ ਹੈ ਕਿ ਹੇਠ ਦਰਸਾਏ ਵੇਰਵੇ ਦੇ ਅਨੁਰੂਪ ਬੈਂਕ ਦੀ ਦੇਣਦਾਰੀ ਤੇ ਵਿਆਜ ਦੀ ਵਸੂਲੀ ਲਈ **"ਜਿਵੇਂ ਹੈ" "ਜਿੱਥੇ ਹੈ" ਅਤੇ "ਜਿਸ ਵੀ ਹਾਲਤ ਵਿਚ ਹੈ"** ਆਧਾਰ 'ਤੇ ਵੇਚਣ ਦੇ ਅਧਿਕਾਰ ਸਹਿਤ ਨਿਮਨ ਲੋਨ ਖਾਤੇ ਪ੍ਰਤੀ ਜਾਰੀ ਕੀਤੇ ਗਏ ਨੋਟਿਸ ਦੇ ਅਨੁਰੂਪ ਨਿਮਨ ਪ੍ਰਾਪਰਟੀ ਨੂੰ **ਪੰਜਾਬ ਐਂਡ ਸਿੰਧ ਬੈਂਕ** ਦੇ ਅਧਿਕਾਰਤ ਅਫਸਰ ਵੱਲੋਂ ਕਬਜ਼ੇ ਵਿਚ ਲੈ ਲਿਆ ਗਿਆ ਹੈ ਤੇ ਦੇਣਦਾਰੀ ਦੀ ਵਸੂਲੀ ਕਰਨ ਦਾ ਨਿਮਨਹਸਤਾਖਰੀ ਵੱਲੋਂ ਪ੍ਰਸਤਾਵ ਹੈ। ਕਰਜ਼ਦਾਰ/ਗਾਰੰਟਰ/ਗਿਰਵੀਦਾਤਾ/ਸੁਰੱਖਿਅਤ ਅਸਾਸੇ/ਦੇਣਦਾਰੀ/ਰਾਖਵੀਂ ਕੀਮਤ/ਈ-ਨਿਲਾਮੀ ਮਿਤੀ ਤੇ ਸਮਾਂ, ਬਿਆਨਾ ਰਕਮ ਤੇ ਬੋਲੀ ਵਾਧਾ ਰਕਮ ਦਾ ਵੇਰਵਾ ਨਿਮਨ ਹੈ। ਵਿਕਰੀ ਨਿਮਨਹਸਤਾਖਰੀ ਵੱਲੋਂ ਵੈੱਬ ਪੋਰਟਲ ਵੈੱਬਸਾਈਟ https://baanknet.com 'ਤੇ ਪ੍ਰਦਾਨ ਕੀਤੇ ਈ-ਨਿਲਾਮੀ ਪਲੇਟਫਾਰਮ ਦੇ ਮਾਧਿਅਮ ਰਾਹੀਂ ਕੀਤੀ ਜਾਵੇਗੀ।

| ਕਰਜ਼ਦਾਰ/ ਗਾਰੰਟਰ/ਸ਼ਾਖਾ ਦਾ ਵੇਰਵਾ | ਅਚੱਲ ਪ੍ਰਾਪਰਟੀ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ ਤੇ ਉਸ ਵਿਚ ਵਰਣਤ ਬਕਾਇਆ ਰਕਮ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ | ਅਧਿਕਾਰਤ ਅਫਸਰ ਦਾ ਨਾਂ ਤੇ ਸੰਪਰਕ ਵੇਰਵਾ |
|---|---|---|---|---|
| ਸ਼ਾਖਾ: ਖਰੜ — ਸ੍ਰੀਮਤੀ ਹਰਵਿੰਦਰ ਕੌਰ ਪਤਨੀ ਦਲਜੀਤ ਸਿੰਘ, ਰਿਹਾਇਸ਼ #1384/6, ਐਮਆਈਜੀ ਫਲੈਟਸ, ਫੇਜ਼ 11, ਸੈਕਟਰ 65, ਐਸਏਐਸ ਨਗਰ (ਮੁਹਾਲੀ)-160062, ਗਾਰੰਟਰ: ਸ੍ਰੀ ਦਲਜੀਤ ਸਿੰਘ ਪੁੱਤਰ ਕਸ਼ਮੀਰ ਸਿੰਘ, ਆਰ/ਓ #1384/6, ਐਮਆਈਜੀ ਫਲੈਟਸ, ਫੇਜ਼ 11, ਸੈਕਟਰ 65, ਐਸਏਐਸਨਗਰ (ਮੁਹਾਲੀ)-160062 | ਫਲੈਟ ਨੰਬਰ 1384/6, ਐਮਆਈਜੀ ਫਲੈਟਸ, ਫੇਜ਼ 11, ਸੈਕਟਰ 65, ਐਸਏਐਸ ਨਗਰ, ਮੁਹਾਲੀ, ਪੰਜਾਬ ਦਾ ਸਾਰਾ ਹਿੱਸਾ, 415 ਵਰਗ ਫੁੱਟ ਮਾਪ, ਸ੍ਰੀਮਤੀ ਹਰਵਿੰਦਰ ਕੌਰ ਪਤਨੀ ਸ੍ਰੀ ਦਲਜੀਤ ਸਿੰਘ ਦੇ ਨਾਮ 'ਤੇ ਹੈ। (ਕਬਜ਼ੇ ਦੀ ਕਿਸਮ: ਪ੍ਰਤੀਕਾਤਮਕ) | ਮੰਗ ਨੋਟਿਸ 28.10.2025 31.07.2026 ਨੂੰ 3,37,799.16 ਰੁਪਏ, 01.10.2025 ਤੋਂ ਬਾਅਦ ਹੋਰ ਵਿਆਜ, ਹੋਰ ਖਰਚੇ ਅਤੇ ਉਨ੍ਹਾਂ 'ਤੇ ਖਰਚੇ | ਰੁ. 43,35,000/- / ਰੁ. 4,33,500/- / ਰੁ. 50,000/- | ਸ੍ਰੀ ਕੁਲਜਿੰਦਰ ਸਿੰਘ ਮੋਬਾਈਲ: 9855077358 ਅਤੇ ਸ਼ਾਖਾ: ਮੋਬਾਈਲ: 9041371727 |

ਵਿਸਤ੍ਰਿਤ ਪ੍ਰਤੀਬੰਧ ਤੇ ਸ਼ਰਤਾਂ ਲਈ ਕਿਰਪਾ ਕਰਕੇ ਵੇਖੋ ਅਤੇ ਹਵਾਲਾ ਲਿਆ ਜਾਵੇ- https://punjabandsind.bank. and online auction portal https://baanknet.com
ਉਕਤ ਮਿਤੀ ਨੂੰ ਈ-ਨਿਲਾਮੀ ਵਿਕਰੀ ਸੰਚਾਲਿਤ ਕਰਨ ਬਾਰੇ ਉਕਤ ਲੋਨ ਦੇ ਕਰਜ਼ਦਾਰ/ਗਾਰੰਟਰਾਂ ਲਈ ਸਿਕਿਓਰਿਟੀ ਇੰਟਰਸਟ (ਐਨਫੋਰਸਮੈਂਟ) ਰੂਲਜ਼, 2002 ਦੇ ਰੂਲ 8(6) ਅਤੇ ਰੂਲ 9(1) ਦੇ ਤਹਿਤ 15 ਦਿਨਾਂ ਦਾ ਵਿਧਾਨਕ ਨੋਟਿਸ ਸਮਝਿਆ ਜਾਵੇ।

ਮਿਤੀ: 05.08.2026 | ਥਾਂ: ਖਰੜ | ਅਧਿਕਾਰਤ ਅਫਸਰ, ਪੰਜਾਬ ਐਂਡ ਸਿੰਧ ਬੈਂਕ।